16

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰਬਰ 35 ਤਹਿਤ ਸਥਾਪਤ)

(ਕਾਲਜ ਸੈਕਸ਼ਨ)

ਨੰ. 1647 /ਕਾਲਜ/ਸ-2

ਮਿਤੀ 11/05/2022

ਯੂਨੀਵਰਸਿਟੀ ਨਾਲ ਸਬੰਧਤ ਸਮੂਹ ਐਜੂਕੇਸ਼ਨ ਕਾਲਜਾਂ ਦੇ,
ਚੇਅਰਮੈਨ/ਪ੍ਰਿੰਸੀਪਲ ਸਾਹਿਬਾਨ ਨੂੰ

ਵਿਸ਼ਾ:- ਸੈਸ਼ਨ 2022-23 ਲਈ ਬੀ.ਐਡ (ਦੋ ਸਾਲਾ) ਕੋਰਸ ਦੇ ਦਾਖਲਿਆਂ ਸਬੰਧੀ **Mandatory Proforma** ਤਸਦੀਕ ਕਰਨ ਸਬੰਧੀ ।

ਉਕਤ ਵਿਸ਼ੇ ਸਬੰਧੀ ਸੂਚਿਤ ਕੀਤਾ ਜਾਂਦਾ ਹੈ ਕਿ ਸੈਸ਼ਨ 2022-23 ਲਈ ਬੀ.ਐਡ (ਦੋ ਸਾਲਾ) ਕੋਰਸ ਭਾਗ ਪਹਿਲਾ ਦੇ ਦਾਖਲੇ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੀ ਗਈ ਨੋਟੀਫੀਕੇਸ਼ਨ **DPIHE-COLG0MISc/34/2021 COLLEGEEDUCATION-DPI/-HIGHER EDUCATION, dated 11.4.2022** ਦੀ ਲੋਅ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਕਰਵਾਏ ਜਾ ਰਹੇ ਹਨ। ਇਸ ਸਬੰਧੀ ਕੋਆਰਡੀਨੇਟਰ, ਬੀ.ਐਡ ਐਂਟਰਸ ਟੈਸਟ ਐਂਡ ਸੈਂਟਰਲਾਈਜ਼ ਕਾਊਂਸਲਿੰਗ (2022-23) ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਜਾਰੀ ਪੱਤਰ ਨੰ:**PB/BED-2022/18,date 6.5.2022** ਅਨੁਸਾਰ ਮਿਤੀ 20.5.2022 ਤੱਕ ਮੈਨਡੇਟਰੀ ਪ੍ਰੋਫਾਰਮੇ ਉਕਤ ਕੋਆਰਡੀਨੇਟਰ ਨੂੰ ਜਮ੍ਹਾਂ ਕਰਵਾਏ ਜਾਣੇ ਹਨ।

ਇਸ ਲਈ ਨੋਟੀਫੀਕੇਸ਼ਨ ਵਿੱਚ ਦਰਜ ਮੈਨਡੇਟਰੀ ਪ੍ਰੋਫਾਰਮੇ ਦੇ ਨਾਲ **NCTE** ਅਪਰੂਵਲ ਅਤੇ **PAR** ਸਬੰਧੀ ਭਰੇ ਹੋਣ ਦਾ ਸਬੂਤ, ਪੰਜਾਬ ਸਰਕਾਰ ਵੱਲੋਂ ਜਾਰੀ **NOC**, ਨਿਯਮਾਂ ਅਨੁਸਾਰ ਅਪਰੂਵਡ ਰੈਗੂਲਰ ਪ੍ਰਿੰਸੀਪਲ ਅਤੇ ਲੋੜੀਂਦੇ ਟੀਚਿੰਗ ਸਟਾਫ ਦਾ 2/3 ਹਿੱਸੇ ਸਬੰਧੀ ਤਸਦੀਕਸ਼ੁਦਾ ਦਸਤਾਵੇਜ਼ ਨੱਥੀ ਕੀਤੇ ਜਾਣ। ਇਸ ਪ੍ਰਫਾਰਮੇ ਤੇ **URL** ਵੀ ਦਰਸਾਇਆ ਜਾਵੇ।

ਇਸ ਦੇ ਨਾਲ ਹੀ ਕਾਲਜ ਦੀ ਵੈਬਸਾਈਟ ਤੇ ਪਾਈ ਗਈ ਸਾਰੀ ਜਾਣਕਾਰੀ ਅਤੇ ਉਕਤ ਸਾਰੀ ਸੂਚਨਾ ਸਹੀ/ ਦਰੁਸਤ ਹੋਣ ਸਬੰਧੀ ਕਾਲਜ ਦੇ ਚੇਅਰਮੈਨ/ਸਕੱਤਰ ਵੱਲੋਂ ਨੋਟਰੀ ਤੋਂ ਤਸਦੀਕਸ਼ੁਦਾ ਐਫੀਡੈਵਿਟ ਦਿੱਤਾ ਜਾਵੇ। ਇਸ ਐਫੀਡੈਵਿਟ ਵਿੱਚ ਕਾਲਜ ਦੀ ਵੈਬਸਾਈਟ ਤੇ ਅਪਲੋਡ ਸਾਰੀ ਫੈਕਲਟੀ ਮੈਂਬਰਜ਼ ਦੇ ਨਾਮ, ਅਹੁਦਾ ਅਤੇ ਸਟੇਟਸ (ਅਪਰੂਵਡ ਜਾਂ ਨਾਨ-ਅਪਰੂਵਡ) ਵੀ ਦਰਜ਼ ਕੀਤਾ ਜਾਵੇ।

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਾਲਜ ਸੈਕਸ਼ਨ ਵੱਲੋਂ ਕਿਸੇ ਵੀ ਕਾਲਜ ਨੂੰ ਕਿਸੇ ਵੀ ਪ੍ਰਕਾਰ ਦਾ ਕੋਈ ਵੀ ਜੁਰਮਾਨਾ ਲਗਾਇਆ ਗਿਆ ਹੈ ਤਾਂ ਜੁਰਮਾਨੇ ਦੀ ਰਾਸ਼ੀ ਜਮ੍ਹਾਂ ਹੋਣ ਉਪਰੰਤ ਹੀ ਮੈਨਡੇਟਰੀ ਪ੍ਰੋਫਾਰਮੇ ਤਸਦੀਕ ਕਰਨ ਸਬੰਧੀ ਕਾਰਵਾਈ ਕੀਤੀ ਜਾਵੇਗੀ।

ਨੋਟ: ਜਿਨ੍ਹਾਂ ਕਾਲਜਾਂ ਨੂੰ ਅਚਨਚੇਤ ਮੁਆਇਨੇ ਉਪਰੰਤ **show cause notice** ਜਾਰੀ ਕੀਤਾ ਗਿਆ ਹੈ, ਉਨ੍ਹਾਂ ਕਾਲਜਾਂ ਤੋਂ ਤਸੱਲੀਬਖਸ਼ ਸਪਸ਼ਟੀਕਰਨ/ਜਵਾਬ ਦੇ ਆਧਾਰ ਤੇ ਹੀ ਮੈਨਡੇਟਰੀ ਪ੍ਰੋਫਾਰਮੇ ਤਸਦੀਕ ਕਰਨ ਸਬੰਧੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

ਗੁਰਪ੍ਰੀਤ ਸਿੰਘ 11/5/22

ਡੀਨ, ਕਾਲਜ ਵਿਕਾਸ ਕੌਂਸਲ